





ਰੋਜ਼ਾਨਾ ਸਪੋਕਸਮੈਨ ਅੱਜ ਤੋਂ 9ਵੇਂ ਸਾਲ ਵਿਚ !

ਪਹਿਲੀ ਦਸੰਬਰ, 2005 ਦੀ ਸਵੇਰ ਨੂੰ, ਪੰਜਾਬੀ ਪੱਤਰਕਾਰੀ ਦਾ ਸੁਨਹਿਰੀ ਸੁਪਨਾ ਸਾਕਾਰ ਕਰਨ ਲਈ ਰੋਜ਼ਾਨਾ ਸਪੋਕਸਮੈਨ, ਸੂਰਜ ਬਣ ਕੇ ਪੰਜਾਬੀ ਦੇ ਆਕਾਸ਼ ਤੇ ਪ੍ਰਕਾਸ਼ਮਾਨ ਹੋਇਆ ਪਰ ਹਨੇਰੇ ਦੀ ਪ੍ਰਤੀਨਿਧਤਾ ਕਰਦੀਆਂ ਹਨੇਰੀਆਂ ਨੇ ਅੰਮ੍ਰਿਤਸਰੋਂ 'ਹੁਕਮਨਾਮਾ' ਜਾਰੀ ਕਰਵਾ ਦਿਤਾ -- "ਇਸ ਅਖ਼ਬਾਰ ਨੂੰ ਕੋਈ ਨਾ ਪੜ੍ਹੇ, ਕੋਈ ਇਸ ਵਿਚ ਨੌਕਰੀ ਨਾ ਕਰੇ ਤੇ ਕੋਈ ਇਸ ਨੂੰ ਇਸ਼ਤਿਹਾਰ ਨਾ ਦੇਵੇ।" ਪਿਛਲੇ 400 ਸਾਲ ਦੇ ਦੁਨੀਆਂ ਭਰ ਦੇ ਇਤਿਹਾਸ ਵਿਚ, ਨਾ ਕਿਸੇ ਸੰਪਾਦਕ ਨੂੰ ਪੁਜਾਰੀਆਂ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਹੈ, ਨਾ ਇਹੋ ਜਿਹਾ ਹੁਕਮਨਾਮਾ ਕਿਸੇ ਅਖ਼ਬਾਰ ਜਾਂ ਸੰਪਾਦਕ ਵਿਰੁਧ ਜਾਰੀ ਹੋਇਆ ਹੈ ਜਿਹੋ ਜਿਹਾ ਸਿੱਖ ਪੁਜਾਰੀਆਂ ਨੇ ਜਾਰੀ ਕੀਤਾ। ਸ਼ਾਇਦ ਬਾਕੀ ਸਾਰੇ ਪਿਛਾਂਹ-ਖਿਚੂ ਹਨ ਤੇ ਸਿੱਖ ਪੁਜਾਰੀ ਹੀ ਅਗਾਂਹ-ਵਧੂ ਮਹਾਂਪੁਰਸ਼ ਹਨ।

ਬਾਬੇ ਨਾਨਕ ਦੇ ਧਰਮ ਦਾ 21ਵੀਂ ਸਦੀ ਦੇ ਤਰਕਵਾਦੀ ਯੁਗ ਵਿਚ ਹਾਲ ਇਹ ਬਣਾ ਦਿਤਾ ਗਿਆ ਹੈ ਕਿ ਤੁਸੀ ਭਾਵੇਂ ਪੱਕੇ ਧਰਮੀ ਹੋਵੋ, ਧਰਮ ਦੇ ਵਾਧੇ ਲਈ ਜੀਵਨ ਵਾਰ ਰਹੇ ਹੋਵੋ -- ਸੱਭ ਬੇਕਾਰ ਹੈ। ਬਸ ਤੁਹਾਨੂੰ ਛੇਕਣ ਲਈ ਏਨਾ ਹੀ ਕਾਫ਼ੀ ਹੈ ਕਿ ਤੁਸੀ ਪੁਜਾਰੀਵਾਦ ਅੱਗੇ ਸਿਰ ਝੁਕਾਣ ਲਈ ਤਿਆਰ ਨਹੀਂ। ਅੱਜ ਸਿੱਖੀ ਵਿਚ ਧਰਮ ਛੋਟਾ ਹੋ ਗਿਆ ਹੈ ਤੇ ਪੁਜਾਰੀਵਾਦ ਵੱਡਾ।

ਮਗਰੋਂ ਗਿ: ਗੁਰਬਚਨ ਸਿੰਘ ਨੇ ਮੰਨ ਵੀ ਲਿਆ ਕਿ ਵੇਦਾਂਤੀ ਨੇ, ਕਿਸੇ ਨਿਜੀ ਗੱਲ ਤੋਂ ਚਿੜ ਕੇ ਗ਼ਲਤ ਹੁਕਮਨਾਮਾ ਜਾਰੀ ਕਰ ਦਿਤਾ ਸੀ। ਫਿਰ ਵਾਪਸ ਕਿਉਂ ਨਹੀਂ ਲੈ ਲੈਂਦੇ ? ਸੋ ਜਿਸ ਨਾਲ ਜ਼ਿਆਦਤੀ ਹੋਈ ਹੁੰਦੀ ਹੈ, ਉਸੇ ਨੂੰ ਕਿਹਾ ਜਾਂਦਾ ਹੈ ਕਿ ਉਹ ਇਕ ਝੂਠੀ ਮੂਠੀ 'ਅਰਦਾਸ', ਅਕਾਲ ਤਖ਼ਤ ਤੇ ਜਾ ਕੇ ਕਰ ਦੇਵੇ, ਉਸ ਨੂੰ 'ਬਖ਼ਸ਼' ਦਿਤਾ ਜਾਵੇਗਾ। ਪੁਜਾਰੀਵਾਦ ਵੀ ਜ਼ਿੰਦਾਬਾਦ ਤੇ ਫਸਿਆ ਬੰਦਾ ਵੀ ਬਰੀ !! ਜੇ ਪੁਜਾਰੀਆਂ ਦੇ ਆਖੇ ਝੂਠੀ ਅਰਦਾਸ ਵੀ ਨਹੀਂ ਕਰਨੀ ਤਾਂ ਜਾਹ ਫਿਰ ਭੁਗਤ ਅਪਣੀ ਅਸੂਲ-ਪ੍ਰਸਤੀ ਦੇ ਨਤੀਜੇ !!

ਪੁਜਾਰੀਵਾਦ ਵਲੋਂ ਅਕਾਲ ਤਖ਼ਤ ਦਾ ਨਾਂ ਲੈ ਕੇ ਅਪਣੀ ਗੱਲ ਨੂੰ ਜ਼ਬਰਦਸਤੀ ਮਨਵਾਉਣ ਬਾਰੇ ਸੰਖੇਪ ਵਿਚ ਬਿਆਨ ਕਰਨਾ ਹੋਵੇ ਤਾਂ ਇਹ ਉਹੀ ਸ਼ਰਤ ਹੈ ਜੋ ਕਾਜ਼ੀ ਨੇ ਛੋਟੇ ਸਾਹਿਬਜ਼ਾਦਿਆਂ ਸਾਹਮਣੇ ਤੇ ਫਿਰ ਗੁਰੂ ਤੇਗ਼ ਬਹਾਦਰ, ਬੰਦਾ ਬਹਾਦਰ ਅੱਗੇ ਰੱਖੀ ਸੀ -- "ਸਾਡਾ ਹੁਕਮ ਮੰਨ ਲਉ ਤੇ ਸੱਭ ਕੁੱਝ ਲੈ ਲਉ ਵਰਨਾ... !"

ਜਦੋਂ ਹਕੂਮਤਾਂ ਅਪਣੀ ਤਾਕਤ ਨਾਲ ਪੁਜਾਰੀਆਂ ਦੇ ਫ਼ਤਵੇ ਲਾਗੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਧਰਮ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਪੁਜਾਰੀਵਾਦ ਦੀ 'ਸਰਬ ਉੱਚਤਾ' ਮਨਵਾਉਣ ਲਈ, ਸਿੱਖੀ ਦੀ ਸਰਬ-ਉੱਚਤਾ ਵਾਰ ਕੇ ਸੁੱਟੀ ਜਾ ਰਹੀ ਹੈ ਤੇ ਅਨਿਆਂ, ਧੱਕੇ ਨੂੰ 'ਮਰਿਆਦਾ' ਦਸਿਆ ਜਾ ਰਿਹਾ ਹੈ। ਕਲ ਨੂੰ ਮੋਦੀ ਵਰਗਿਆਂ ਦੀ ਸਰਕਾਰ, ਦੁਰਗਿਆਣੇ ਮੰਦਰ ਦੇ ਪੁਜਾਰੀਆਂ ਸਾਹਮਣੇ ਪੇਸ਼ ਹੋਣਾ ਵੀ ਲਾਜ਼ਮੀ ਕਰ ਦੇਵੇਗੀ ਤੇ ਉਸ ਸੰਪਾਦਕ ਨੂੰ ਹੀ ਫ਼ਿਰਕੂ ਆਖੇਗੀ ਜਿਸ ਨੇ ਸਿੱਖ ਪੁਜਾਰੀਆਂ ਸਾਹਮਣੇ ਪੇਸ਼ ਹੋਣ ਮਗਰੋਂ, ਹਿੰਦੂ ਪੁਜਾਰੀਆਂ ਸਾਹਮਣੇ ਪੇਸ਼ ਹੋਣੋਂ ਨਾਂਹ ਕਰ ਦਿਤੀ। ਇਸੇ ਲਈ ਈਸਾਈ ਧਰਮ ਵਿਚ ਮਾਰਟਿਨ ਲੂਥਰ ਨੇ ਤੇ ਸਿੱਖ ਧਰਮ ਵਿਚ ਸਿੰਘ ਸਭਾ ਲਹਿਰ ਦੇ ਬਾਨੀ ਪ੍ਰੋ: ਗੁਰਮੁਖ ਸਿੰਘ ਨੇ ਮਰਦੇ ਦੰਮ ਤਕ ਪੁਜਾਰੀਆਂ (ਪੋਪ ਸਮੇਤ) ਅੱਗੇ ਪੇਸ਼ ਹੋਣ ਤੋਂ ਨਾਂਹ ਕਰ ਦਿਤੀ ਸੀ।

ਕਾਬਲ ਸਿੰਘ ਜਰਮਨੀ

ਅੱਜ ਪਹਿਲੀ ਦਸੰਬਰ ਹੈ। ਪਹਿਲੀ ਦਸੰਬਰ 2005 ਦੀ ਸਵੇਰ ਨੂੰ ਰੋਜ਼ਾਨਾ ਸਪੋਕਸਮੈਨ ਦਾ ਪਹਿਲਾ ਪਰਚਾ ਨਿਕਲਿਆ ਤਾਂ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਸੁਨਹਿਰੀ ਯੁਗ ਸ਼ੁਰੂ ਹੋਣ ਦਾ ਗਰਜਦਾ ਹੋਇਆ ਐਲਾਨ ਵੀ ਸੱਭ ਨੇ ਖ਼ੁਸ਼ੀਆਂ ਖੇੜੇ ਬਖੇਰਦਾ ਸੁਣਿਆ। ਪਹਿਲੀ ਵਾਰ 16 ਪੰਨਿਆਂ ਦਾ ਪੰਜਾਬੀ ਅਖ਼ਬਾਰ, ਇਮਪੋਰਟਿਡ ਕਾਗ਼ਜ਼ ਉਤੇ ਛੱਪ ਕੇ 'ਸੱਚ ਸੁਣਾਇਸੀ ਸਚ ਕੀ ਬੇਲਾ' ਦਾ ਹੋਕਾ ਦੇਂਦਾ ਹੋਇਆ ਅਪਣਾ ਇਹ ਦ੍ਰਿੜ ਨਿਸ਼ਚਾ ਦੁਹਰਾ ਰਿਹਾ ਸੀ ਕਿ ਸਾਰੇ ਅੰਗਰੇਜ਼ੀ, ਹਿੰਦੀ ਤੇ ਦੂਜੀਆਂ ਭਾਸ਼ਾਵਾਂ ਦੇ ਅਖ਼ਬਾਰਾਂ ਦੇ ਮੁਕਾਬਲੇ, ਇਕ ਪੰਜਾਬੀ ਅਖ਼ਬਾਰ, ਹੁਣ ਪੰਜਾਬੀ ਸੂਬੇ ਦਾ ਸਰਬੋਤਮ ਅਖ਼ਬਾਰ ਬਣ ਕੇ ਪੰਜਾਬੀ ਮਾਂ ਦੇ ਸਿਰ ਉਤੇ ਤਾਜ ਸਜਾ ਕੇ ਰਹੇਗਾ ਜਦਕਿ ਇਸ ਵੇਲੇ ਪੰਜਾਬ ਵਿਚ ਹੀ, ਪੰਜਾਬੀ ਅਖ਼ਬਾਰ, ਹਰ ਪੱਖੋਂ ਅੰਗਰੇਜ਼ੀ ਅਤੇ ਹਿੰਦੀ ਅਖ਼ਬਾਰਾਂ ਤੋਂ ਹੇਠਲੀ ਪੌੜੀ ਤੇ ਹਨ।

ਪਹਿਲੀ ਦਸੰਬਰ ਦੀ ਸ਼ਾਮ ਨੂੰ ਹੀ ਅੰਮ੍ਰਿਤਸਰੋਂ ਇਕ 'ਹੁਕਮਨਾਮਾ' ਜਾਰੀ ਹੋ ਗਿਆ ਕਿ 'ਇਸ ਅਖ਼ਬਾਰ ਨੂੰ ਕੋਈ ਨਾ ਪੜ੍ਹੇ, ਇਸ ਵਿਚ ਨੌਕਰੀ ਕੋਈ ਨਾ ਕਰੇ ਤੇ ਇਸ ਅਖ਼ਬਾਰ ਨੂੰ ਕੋਈ ਇਸ਼ਤਿਹਾਰ ਜਾਰੀ ਨਾ ਕਰੇ।' ਇਸ ਤਰ੍ਹਾਂ ਪੰਜਾਬੀ ਪੱਤਰਕਾਰੀ ਦੇ ਸੁਨਹਿਰੀ ਸੁਪਨੇ ਨੂੰ ਸਾਕਾਰ ਹੋਣੋਂ ਰੋਕਣ ਲਈ, ਤਾਕਤਵਰ ਸ਼ਕਤੀਆਂ ਡੱਟ ਗਈਆਂ। ਦੁਨੀਆਂ ਭਰ ਦੇ ਇਤਿਹਾਸ ਵਿਚ, ਕਿਸੇ ਅਖ਼ਬਾਰ, ਪੱਤਰਕਾਰ ਜਾਂ ਸੰਪਾਦਕ ਵਿਰੁਧ ਇਹੋ ਜਿਹਾ ਜਾਬਰ ਹੁਕਮਨਾਮਾ ਨਹੀਂ ਜਾਰੀ ਹੋਇਆ, ਨਾ ਅੱਜ ਤਕ ਕਿਸੇ ਧਰਮ ਦੇ ਪੁਜਾਰੀ ਨੂੰ ਪੇਸ਼ ਹੋਣ ਲਈ ਹੀ ਬੁਲਾਇਆ ਗਿਆ ਹੈ। ਇਸੇ ਨੂੰ ਪ੍ਰੈਸ ਦੀ ਆਜ਼ਾਦੀ ਕਹਿੰਦੇ ਹਨ।

? ਪਰ ਸਪੋਕਸਮੈਨ ਨਾਲ ਕੀਤੇ ਗਏ ਇਸ ਧੱਕੇ ਦਾ ਕਾਰਨ ਕੀ ਹੈ ?

- ਨਵਾਂ ਅਖ਼ਬਾਰ ਜਿਸ ਬੰਦੇ ਨੇ ਸ਼ੁਰੂ ਕੀਤਾ ਹੈ, ਉਸ ਨੂੰ ਪੁਜਾਰੀਆਂ ਨੇ ਛੇਕਿਆ ਹੋਇਆ ਹੈ, ਇਸ ਲਈ।

? ਪਰ ਕਿਉਂ ਛੇਕਿਆ ? ਕੀ ਉਹ ਸਿੱਖ-ਵਿਰੋਧੀ ਹੈ ? ਕੀ ਉਸ ਨੇ ਧਰਮ ਦਾ ਕੋਈ ਅਪਮਾਨ ਕੀਤਾ ਹੈ ? ਦੁਨੀਆਂ ਤਾਂ ਉਸ ਦੇ ਧਰਮ-ਪ੍ਰੇਮ ਦੀਆਂ ਗੱਲਾਂ ਕਰਦੀ ਹੀ ਸੁਣੀ ਹੈ।....

- ਨਹੀਂ ਉਸ ਨੇ ਸਿੱਖੀ ਜਾਂ ਧਰਮ ਵਿਰੁਧ ਤਾਂ ਕੁੱਝ ਨਹੀਂ ਕੀਤਾ ਪਰ 'ਜਥੇਦਾਰਾਂ' ਨੂੰ ਪੁਜਾਰੀ ਲਿਖਦਾ ਹੈ ਤੇ ਉਨ੍ਹਾਂ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰਦਾ ਹੈ।
- ਭਾਵੇਂ ਕੋਈ ਪੋਪ ਹੋਵੇ, ਭਾਵੇਂ ਕੋਈ ਸ਼ੰਕਰਾਚਾਰੀਆ ਹੋਵੇ, ਭਾਵੇਂ ਕੋਈ ਕਾਜ਼ੀ ਹੋਵੇ ਤੇ ਭਾਵੇਂ ਕੋਈ ਜਥੇਦਾਰ -- ਜਿਹੜਾ ਕੋਈ ਵੀ ਅਪਣੇ ਸਹਿਧਰਮੀਆਂ ਨਾਲੋਂ ਅਪਣੇ ਆਪ ਨੂੰ ਵੱਡਾ ਕਹਿ ਕੇ ਉਨ੍ਹਾਂ ਨੂੰ ਸਜ਼ਾ ਦੇਣ ਦਾ ਹੱਕ ਜਤਾਵੇ, ਉਸ ਨੂੰ ਸਦੀਆਂ ਤੋਂ ਪੁਜਾਰੀ ਹੀ ਆਖਿਆ ਜਾਂਦਾ ਹੈ ਜਦਕਿ ਆਮ ਪ੍ਰਚਾਰਕ, ਰਾਗੀ, ਪਾਠੀ, ਗ੍ਰੰਥੀ ਨੂੰ 'ਪੁਜਾਰੀ ਜੀ' ਕਿਸੇ ਨੇ ਨਹੀਂ ਕਿਹਾ। ਦੂਜੇ ਸਹਿਧਰਮੀਆਂ ਨੂੰ ਅਪਣੇ ਤੋਂ ਛੋਟਾ ਤੇ ਅਪਣੇ ਫ਼ੈਸਲਿਆਂ ਨੂੰ ਨਾ ਬਦਲੇ ਜਾ ਸਕਣ ਵਾਲੇ 'ਇਲਾਹੀ ਫ਼ੁਰਮਾਨ' ਕਹਿਣ ਵਾਲਾ ਭਾਵੇਂ ਪੋਪ ਹੋਵੇ, ਭਾਵੇਂ ਕਾਜ਼ੀ ਹੋਵੇ ਤੇ ਭਾਵੇਂ ਸਿੱਖ ਪੁਜਾਰੀ, ਇਨ੍ਹਾਂ ਦੇ 'ਇਲਾਹੀ ਫ਼ੈਸਲਿਆਂ' ਨੂੰ ਸਦਾ ਤੋਂ ਹੀ ਮੰਨਣ ਤੋਂ ਇਨਕਾਰ ਕੀਤਾ ਜਾਂਦਾ ਰਿਹਾ ਹੈ। ਈਸਾਈਆਂ (ਪੋਪ) ਅੰਦਰ ਮਾਰਟਿਨ ਲੂਥਰ ਨੇ ਪਹਿਲ ਕੀਤੀ ਤਾਂ ਸਿੱਖਾਂ 'ਚੋਂ ਸਿੰਘ ਸਭਾ ਲਹਿਰ ਦੇ ਬਾਨੀ ਪ੍ਰੋ: ਗੁਰਮੁਖ ਸਿੰਘ ਨੇ ਵੀ ਇਹੋ ਪਹਿਲ ਕਰ ਕੇ ਪੁਜਾਰੀਆਂ ਦੇ ਹੁਕਮਨਾਮਿਆਂ ਨੂੰ ਮਰਦੇ ਦੰਮ ਤਕ ਮੰਨਣ ਤੋਂ ਇਨਕਾਰ ਕੀਤੀ ਰਖਿਆ ਭਾਵੇਂ ਗਿ: ਦਿਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੂੰ ਸਿੱਖਾਂ ਦਾ ਪਹਿਲਾ 'ਸਿੱਖ' ਅਖ਼ਬਾਰ ਵੀ ਪੁਜਾਰੀਆਂ ਦੇ ਜਬਰ ਦਾ ਮੁਕਾਬਲਾ ਕਰਦਿਆਂ ਬੰਦ ਕਰਨਾ ਪਿਆ ਤੇ ਬੜੀ ਦੁੱਖਾਂ ਭਰੀ ਜ਼ਿੰਦਗੀ ਗੁਜ਼ਾਰ ਕੇ ਜੀਵਨ ਯਾਤਰਾ ਪੂਰੀ ਕਰਨੀ ਪਈ।
- ਇਸੇ ਲਈ 2003 ਵਿਚ ਸਾਰੇ ਸੰਸਾਰ ਤੋਂ ਅਤੇ ਸਾਰੇ ਹਿੰਦੁਸਤਾਨ ਤੋਂ ਆਏ ਸਿੱਖਾਂ ਨੇ 'ਵਰਲਡ ਸਿੱਖ ਕਨਵੈਨਸ਼ਨ' ਕਰ ਕੇ ਮਤਾ ਪਾਸ ਕੀਤਾ ਕਿ ਸਿੱਖ ਧਰਮ ਵਿਚ 'ਪੁਜਾਰੀਵਾਦ' ਕਿਉਂਕਿ ਪੂਰੀ ਤਰ੍ਹਾਂ ਵਰਜਿਤ ਹੈ ਤੇ ਅਕਾਲ ਤਖ਼ਤ ਉਤੇ ਚਲਾਈ ਜਾ ਰਹੀ ਛੇਕਣ, ਪੇਸ਼ੀ ਭੁਗਤਣ ਤੇ ਤਨਖ਼ਾਹੀਆ ਕਰਾਰ ਦੇਣ ਦੀ ਸਾਰੀ ਮਰਿਆਦਾ ਗੁਰਮਤਿ-ਵਿਰੋਧੀ ਹੈ, ਇਸ ਲਈ ਜਿਸ ਵੀ ਸਿੱਖ ਨੂੰ ਅਕਾਲ ਤਖ਼ਤ ਤੋਂ 'ਜਥੇਦਾਰਾਂ' ਜਾਂ ਪੁਜਾਰੀਆਂ ਦਾ ਪੇਸ਼ ਹੋਣ ਲਈ ਬੁਲਾਵਾ ਆਵੇ, ਉਹ ਪੁਜਾਰੀਆਂ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦੇਵੇ।

ਜਾਇਦਾਦ ਸੱਭ ਕੁੱਝ ਟਰੱਸਟ ਨੂੰ ਅਰਪਨ ਕਰ ਦਿਤਾ ਹੈ ਤੇ ਅੱਜ ਵੀ ਕਿਰਾਏ ਦੇ ਮਕਾਨ ਵਿਚ ਰਹਿੰਦਾ ਹੈ ?

? ਉਹ ਤਾਂ ਸਾਰੀ 'ਬਾਣੀ' ਦਾ ਅਨੁਵਾਦ ਤੇ ਉਸ ਦੀ ਵਿਆਖਿਆ ਕਰਨ ਵਿਚ ਉਮਰ ਦਾ ਅੰਤਮ ਭਾਗ ਵੀ ਲਗਾ ਰਿਹਾ ਹੈ। ਫਿਰ ਉਸ ਨੂੰ ਸਿੱਖੀ 'ਚੋਂ ਕਿਵੇਂ ਛੇਕਿਆ ਜਾ ਸਕਦਾ ਹੈ ? ਇਹ ਤਾਂ ਸਿੱਖੀ ਦੇ ਕੱਟੜ ਦੁਸ਼ਮਣਾਂ ਤੇ ਵੈਰੀਆਂ ਲਈ ਮਿਥੀ ਗਈ ਸਜ਼ਾ ਹੈ ਜੋ ਸਿੱਖ ਕੌਮ, ਸਰਬ-ਸੰਮਤੀ ਨਾਲ ਹੀ ਕਿਸੇ ਨੂੰ ਦੇ ਸਕਦੀ ਹੈ ਜਦਕਿ ਸ. ਜੋਗਿੰਦਰ ਸਿੰਘ ਤਾਂ ਸਿੱਖ ਪੰਥ ਦੀਆਂ ਅਤਿ ਸਤਿਕਾਰੀਆਂ ਹੋਈਆਂ ਹਸਤੀਆਂ ਤੇ ਸਿੱਖੀ ਨੂੰ ਨਵੇਂ ਯੁਗ ਦਾ ਫ਼ਲਸਫ਼ਾ ਸਾਬਤ ਕਰਨ ਵਾਲੇ ਅਗਲੀ ਕਤਾਰ ਦੇ ਵਿਦਵਾਨਾਂ ਵਿਚੋਂ ਇਕ ਹਨ। ਉਨ੍ਹਾਂ ਵਿਰੁਧ ਪੁਜਾਰੀਵਾਦ ਦਾ ਇਹ ਕੁਹਾੜਾ ਕਿਵੇਂ ਚਲਾਇਆ ਜਾ ਸਕਦਾ ਹੈ ?

- ਨਹੀਂ ਨਹੀਂ, ਅਜ ਕਲ ਕਿਸੇ ਨੂੰ ਧਰਮ 'ਚੋਂ ਛੇਕਣ ਲਈ, ਉਸ ਦਾ ਧਰਮ-ਵਿਰੋਧੀ ਹੋਣਾ ਜ਼ਰੂਰੀ ਨਹੀਂ, ਉਸ ਦਾ ਪੁਜਾਰੀ-ਵਿਰੋਧੀ ਹੋਣਾ ਹੀ ਕਾਫ਼ੀ ਹੈ। ਬਾਬੇ ਨਾਨਕ ਦੇ 'ਵਿਵੇਕ-ਪ੍ਰਧਾਨ' ਧਰਮ ਦੀ ਹਾਲਤ ਅੱਜ ਇਹ ਹੋ ਗਈ ਹੈ ਕਿ ਤੁਸੀ ਪੱਕੇ ਧਰਮੀ ਵੀ ਹੋਵੋ, ਧਰਮ ਦੀ ਉੱਨਤੀ ਲਈ ਵੱਡਾ ਕੰਮ ਕਰਨ ਵਾਲੇ ਵੀ ਹੋਵੋ -- ਸੱਭ ਬੇਕਾਰ ਹੈ। ਇਨ੍ਹਾਂ ਚੀਜ਼ਾਂ ਦੀ ਕੋਈ ਅਹਿਮੀਅਤ ਨਹੀਂ। ਬਸ ਜੇ ਤੁਸੀ ਪੁਜਾਰੀਆਂ ਨੂੰ ਨਹੀਂ ਮੰਨਦੇ ਤੇ ਉਨ੍ਹਾਂ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰਦੇ ਹੋ ਤਾਂ ਏਨਾ ਹੀ ਕਾਫ਼ੀ ਹੈ ਤੁਹਾਨੂੰ ਸਿੱਖੀ 'ਚੋਂ ਛੇਕਣ ਲਈ।

? ਪਰ ਦੁਨੀਆਂ ਤਾਂ 400 ਸਾਲ ਪਹਿਲਾਂ ਇਹ ਫ਼ੈਸਲਾ ਲੈ ਚੁੱਕੀ ਹੈ ਕਿ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਪੁਜਾਰੀਆਂ ਤੇ ਸਰਕਾਰਾਂ ਅੱਗੇ ਜਵਾਬ ਦੇਣ ਹਿਤ ਪੇਸ਼ ਹੋਣ ਲਈ ਨਹੀਂ ਆਖਿਆ ਜਾਵੇਗਾ ਤੇ ਕੇਵਲ ਅਦਾਲਤਾਂ ਸਾਹਮਣੇ ਹੀ ਪੇਸ਼ ਹੋਣਾ ਜ਼ਰੂਰੀ ਹੋਵੇਗਾ। ਇਸੇ ਨੂੰ 'ਪ੍ਰੈਸ ਦੀ ਆਜ਼ਾਦੀ' ਦਾ ਨਾਂ ਦਿਤਾ ਗਿਆ ਸੀ। ਫਿਰ ਸਿੱਖ ਪੁਜਾਰੀ ਇਸ ਅਸੂਲ ਨੂੰ ਮਾਨਤਾ ਕਿਉਂ ਨਹੀਂ ਦੇਂਦੇ ? ਕੀ ਉਹ ਸਿੱਖ ਧਰਮ ਨੂੰ ਪੜ੍ਹੇ ਲਿਖੇ ਸੰਸਾਰ ਤੋਂ ਵੱਖ ਰਖਣਾ ਚਾਹੁੰਦੇ ਹਨ ? ਧਰਮ ਵਿਚ ਪੱਥਰ ਯੁਗ ਦੇ ਕਾਨੂੰਨ ਲਾਗੂ ਕਰ ਕੇ, ਉਹ ਦੁਨੀਆਂ ਨੂੰ ਸਿੱਖੀ ਬਾਰੇ ਕੀ ਪ੍ਰਭਾਵ ਦੇਣਾ ਚਾਹੁੰਦੇ ਹਨ ?

- ਗਿ: ਜੋਗਿੰਦਰ ਸਿੰਘ ਵੇਦਾਂਤੀ ਮਗਰੋਂ ਜਦ ਗਿ. ਗੁਰਬਚਨ ਸਿੰਘ ਨੇ

ਪੁਜਾਰੀ ਅਪਣਾ ਗ਼ਲਤ ਫ਼ੈਸਲਾ ਵਾਪਸ ਲੈ ਲੈਂਦੇ ਹਨ।

? ਕੀ ਇਹ ਝੂਠ ਮੂਠੀ ਉਤੇ ਆਧਾਰਤ 'ਮਰਿਆਦਾ' ਕਿਸੇ ਥਾਂ ਦਰਜ ਹੋਈ ਹੋਈ ਵੀ ਮਿਲਦੀ ਹੈ ?

- ਨਹੀਂ, ਬਿਲਕੁਲ ਵੀ ਨਹੀਂ। ਸਿੱਖ ਮਰਿਆਦਾ ਦਾ ਇਕੋ ਇਕ ਦਸਤਾਵੇਜ਼ 'ਸਿੱਖ ਰਹਿਤ ਮਰਿਆਦਾ' ਹੈ। ਉਸ ਵਿਚ ਤਾਂ 'ਜਥੇਦਾਰਾਂ' ਦਾ ਜ਼ਿਕਰ ਤਕ ਵੀ ਨਹੀਂ ਕੀਤਾ ਗਿਆ। ਉਸ ਵਿਚ ਤਾਂ ਭੁੱਲ ਬਖ਼ਸ਼ਵਾਉਣਾ ਕਿਸੇ ਦੀ ਅਪਣੀ ਮਰਜ਼ੀ ਤੇ ਨਿਰਭਰ ਕਰਦਾ ਹੈ ਤੇ ਉਹ ਕੇਵਲ ਸਥਾਨਕ ਸੰਗਤ ਕੋਲ ਜਾ ਕੇ ਹੀ ਭੁੱਲ ਬਖ਼ਸ਼ਵਾ ਸਕਦਾ ਹੈ। ਗੁਰਦਵਾਰਾ ਐਕਟ ਵਿਚ ਵੀ ਕੋਈ ਜ਼ਿਕਰ ਨਹੀਂ ਹੈ ਇਨ੍ਹਾਂ ਦਾ। ਵਰਲਡ ਸਿੱਖ ਕਨਵੈਨਸ਼ਨ ਵਿਚ ਕਿਸੇ ਵਿਦਵਾਨ ਨੇ ਕਿਹਾ ਵੀ ਸੀ ਕਿ ਜੇ ਇਨ੍ਹਾਂ ਨੇ ਏਨੀਆਂ ਵੱਡੀਆਂ ਤਾਕਤਾਂ ਦੀ ਵਰਤੋਂ ਕਰਨੀ ਹੈ ਤਾਂ ਪਹਿਲਾਂ ਸਿੱਖ ਰਹਿਤ ਮਰਿਆਦਾ ਵਿਚ ਤਾਂ ਪ੍ਰਵਾਨਗੀ ਦੀ ਮੋਹਰ ਲਵਾ ਲੈਣ ਤੇ ਅਪਣੀਆਂ ਤਾਕਤਾਂ ਦਾ ਜ਼ਿਕਰ ਕਰਵਾ ਲੈਣ। ਉਸ ਤੋਂ ਬਿਨਾਂ ਤਾਂ ਉਨ੍ਹਾਂ ਦੇ ਸਾਰੇ ਫ਼ੈਸਲੇ ਗ਼ੈਰ-ਕਾਨੂੰਨੀ ਹਨ ਤੇ ਅਣ-ਅਧਿਕਾਰਤ ਹਨ।

? ਪਰ ਪੰਜਾਬ ਸਰਕਾਰ ਤਾਂ 'ਪੁਜਾਰੀਵਾਦ' ਦੇ ਫ਼ੈਸਲੇ ਨੂੰ ਮੰਨ ਕੇ 'ਰੋਜ਼ਾਨਾ ਸਪੋਕਸਮੈਨ' ਨੂੰ 'ਅਛੂਤ' ਮੰਨੀ ਜਾ ਰਹੀ ਹੈ, ਇਸ ਦੇ ਇਸ਼ਤਿਹਾਰਾਂ ਉਤੇ ਮੁਕੰਮਲ ਪਾਬੰਦੀ ਲਾਈ ਬੈਠੀ ਹੈ, ਐਡੀਟਰਾਂ ਉਤੇ ਪੁਲਿਸ ਕੇਸ ਪਾਏ ਹੋਏ ਹਨ ਤੇ ਪੇਸ਼ਕਸ਼ ਕਰਦੀ ਹੈ ਕਿ ਜੇ ਸੰਪਾਦਕ 'ਇਕ ਮਿੰਟ ਲਈ' ਜਥੇਦਾਰਾਂ ਸਾਹਮਣੇ ਪੇਸ਼ ਹੋ ਜਾਏ ਤਾਂ ਸੱਭ ਕੁੱਝ ਠੀਕ ਕਰ ਦਿਤਾ ਜਾਏਗਾ ਤੇ ਇਸ਼ਤਿਹਾਰਾਂ ਦਾ ਪਿਛਲਾ ਘਾਟਾ ਵੀ ਪੂਰਾ ਕਰ ਦਿਤਾ ਜਾਏਗਾ ?

- ਸਮਝ ਨਹੀਂ ਆਉਂਦੀ, 21ਵੀਂ ਸਦੀ ਵਿਚ ਆ ਕੇ ਵੀ, ਇਕ 'ਸੈਕੂਲਰ' ਸਰਕਾਰ ਜੋ 'ਧਰਮ ਨਿਰਪੱਖਤਾ' ਦੀ ਸਹੁੰ ਚੁਕ ਕੇ ਗੱਦੀ ਤੇ ਬੈਠੀ ਹੈ, ਉਹ ਇਕ ਸ਼ਹਿਰੀ ਦੇ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਕਰਨ ਦੀ ਬਜਾਏ ਤੇ ਪ੍ਰੈਸ ਦੀ ਆਜ਼ਾਦੀ ਦੇ ਹੱਕ ਵਿਚ ਖੜੀ ਹੋਣ ਦੀ ਬਜਾਏ, ਪੁਜਾਰੀਆਂ ਵਾਲੇ ਪਾਸੇ ਕਿਉਂ ਖੜੀ ਹੁੰਦੀ ਹੈ ਤੇ ਉਨ੍ਹਾਂ ਦੇ ਪੱਥਰ ਯੁਗ ਦੇ ਹੁਕਮਨਾਮਿਆਂ ਨੂੰ ਲਾਗੂ ਕਰਨ ਲਈ ਦੂਰ ਤਕ ਕਿਉਂ ਜਾਂਦੀ ਹੈ। ਕਿਸੇ ਦੀ ਮਰਜ਼ੀ ਹੈ, ਉਹ ਧਰਮ ਨੂੰ ਮੰਨੇ ਜਾਂ ਨਾ ਮੰਨੇ ਤੇ ਨਾਸਤਕ ਬਣ ਕੇ ਜੀਣਾ ਚਾਹੇ ਤਾਂ ਵੀ ਉਸ ਦੇ ਕਾਨੂੰਨੀ, ਸੰਵਿਧਾਨਕ ਹੱਕ, ਪੁਜਾਰੀਆਂ ਦੇ ਕਹਿਣ ਤੇ ਨਹੀਂ ਖੋਹੇ ਜਾ ਸਕਦੇ ਪਰ ਇਥੇ ਤਾਂ ਧਰਮ ਦੀ ਗੱਲ ਵੀ ਨਹੀਂ,

ਕਿੰਨਾ ਵੱਡਾ ਫ਼ਿਰਕੂ ਹੈ, ਹਿੰਦੂ ਅਤੇ ਸਿੱਖ ਪੁਜਾਰੀਆਂ ਵਿਚ ਫ਼ਰਕ ਕਰਦਾ ਹੈ!!!

? ਪਰ ਲੋਕਾਂ ਨੇ ਤਾਂ ਰੋਜ਼ਾਨਾ ਸਪੋਕਸਮੈਨ ਦਾ ਪੂਰਾ ਸਾਥ ਦਿਤਾ ਹੈ ਤੇ ਕਿਸੇ 'ਹੁਕਮਨਾਮੇ' ਦੀ ਪ੍ਰਵਾਹ ਨਹੀਂ ਕੀਤੀ। ਤੁਸੀ ਕਿਵੇਂ ਮਹਿਸੂਸ ਕਰਦੇ ਹੋ ?

- ਹਾਂ ਲੋਕਾਂ ਨੇ ਪੂਰਾ ਸਾਥ ਦਿਤਾ ਹੈ। ਨਾ ਦੇਂਦੇ ਤਾਂ 8 ਸਾਲ ਤਾਂ ਕੀ, 8 ਮਹੀਨੇ ਵੀ ਨਹੀਂ ਸੀ ਲੰਘ ਸਕਣੇ। ਅਪਣੇ ਜ਼ੋਰਦਾਰ ਹਮਲਿਆਂ ਮਗਰੋਂ, ਇਹੀ ਉਹ ਕਹਿੰਦੇ ਸਨ ਕਿ ਸਪੋਕਸਮੈਨ 6 ਮਹੀਨੇ ਨਹੀਂ ਕੱਢ ਸਕੇਗਾ, ਸਾਲ ਨਹੀਂ ਕੱਢ ਸਕੇਗਾ ਆਦਿ ਆਦਿ।
- ਪਰ ਗੱਲ ਜਿੱਤ ਹਾਰ ਦੀ ਨਹੀਂ, ਗੱਲ ਇਹ ਹੈ ਕਿ ਸਿੱਖਾਂ ਦੇ ਧਾਰਮਕ ਤੇ ਸਿਆਸੀ ਆਗੂ, ਸਿੱਖ ਧਰਮ ਬਾਰੇ ਦੁਨੀਆਂ ਨੂੰ ਕੀ ਸੁਨੇਹਾ ਦੇ ਰਹੇ ਹਨ ? ਸੰਖੇਪ ਵਿਚ ਗੱਲ ਕਰੀਏ ਤਾਂ ਰੋਜ਼ਾਨਾ ਸਪੋਕਸਮੈਨ ਤੇ ਉਸ ਦੇ ਐਡੀਟਰ ਨੂੰ 'ਇਕ ਮਿੰਟ ਲਈ' ਪੁਜਾਰੀਵਾਦ ਅੱਗੇ ਪੇਸ਼ ਹੋਣ ਅਤੇ ਸਿੱਖੀ ਦੇ ਮਤਵਾਲਿਆਂ ਨੂੰ ਪੁਜਾਰੀਵਾਦ ਨੂੰ ਮਾਨਤਾ ਦੇਣ ਲਈ ਕਹਿਣ ਦਾ ਮਤਲਬ ਕੇਵਲ ਤੇ ਕੇਵਲ ਉਹੀ ਹੈ ਜੋ ਕਾਜ਼ੀਆਂ ਵਲੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿਖੇ ਤੇ ਗੁਰੂ ਤੇਗ਼ ਬਹਾਦਰ ਨੂੰ ਦਿੱਲੀ ਵਿਚ ਦਿਤੇ ਫ਼ਤਵੇ ਦਾ ਸੀ ਅਰਥਾਤ -- "ਸਾਡਾ ਫ਼ੈਸਲਾ ਮੰਨੋ ਨਹੀਂ ਤਾਂ ਤਬਾਹ ਹੋ ਜਾਉਗੇ, ਬਰਬਾਦ ਹੋ ਜਾਉਗੇ ਤੇ ਮਾਰ ਦਿਤੇ ਜਾਉਗੇ...।"
- ਸਿੱਖਾਂ ਦੇ ਆਗੂ ਤੇ ਪ੍ਰਚਾਰਕ, ਦੂਜੇ ਧਰਮਾਂ ਦੇ ਪੁਜਾਰੀਆਂ ਦੇ ਅਜਿਹੇ ਫ਼ਤਵਿਆਂ ਨੂੰ 'ਜ਼ੁਲਮ' ਕਹਿੰਦੇ ਰਹੇ ਹਨ। ਅੱਜ ਅਪਣੇ ਅਖ਼ਬਾਰਾਂ ਨੂੰ ਅਜਿਹੇ ਫ਼ਤਵੇ ਜਾਰੀ ਕਰ ਕੇ ਉਹ ਸਿੱਖ ਧਰਮ ਬਾਰੇ ਦੁਨੀਆਂ ਵਾਲਿਆਂ ਨੂੰ ਕੀ ਸੋਚਣ ਲਈ ਮਜਬੂਰ ਕਰ ਰਹੇ ਨੇ ? ਜਦ ਹਕੂਮਤਾਂ, ਪੁਜਾਰੀਵਾਦ ਦੇ ਫ਼ਤਵਿਆਂ ਅੱਗੇ ਜਬਰਨ ਸਿਰ ਝੁਕਾਉਣ ਲਈ ਕਹਿੰਦੀਆਂ ਹਨ ਤਾਂ ਉਸ ਧਰਮ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਸਾਡੀ ਚਿੰਤਾ ਇਹੀ ਹੈ ਕਿ ਜਾਣੇ ਅਣਜਾਣੇ ਇਹ ਲੋਕ, ਧਰਮ ਦੇ ਪਤਨ ਦਾ ਕਾਰਨ ਬਣ ਰਹੇ ਹਨ ਪਰ ਅਪਣੀ ਗ਼ਲਤੀ ਨੂੰ ਮੰਨ ਕੇ ਵੀ ਭੁੱਲ ਦੀ ਸੋਧ ਕਰਨ ਲਈ ਤਿਆਰ ਨਹੀਂ ਹੋ ਰਹੇ ਤੇ ਉਲਟਾ, ਝੂਠੀ ਅਰਦਾਸ ਕਰਵਾ ਕੇ ਅਪਣੀ 'ਸਰਬ-ਉੱਚਤਾ' ਨੂੰ ਬਚਾਣਾ ਚਾਹੁੰਦੇ ਹਨ -- ਸਿੱਖੀ ਦੀ ਸਰਬ ਉੱਚਤਾ ਨਾਲ ਉਨ੍ਹਾਂ ਨੂੰ ਕੋਈ ਵਾਹ ਵਾਸਤਾ ਨਹੀਂ। ਰੋਜ਼ਾਨਾ ਸਪੋਕਸਮੈਨ ਦੇ ਲੱਖਾਂ ਪਾਠਕਾਂ ਤੇ ਸਿੱਖਾਂ ਦਾ ਫ਼ਤਵਾ ਵੀ ਇਨ੍ਹਾਂ ਨੂੰ ਨਜ਼ਰ ਨਹੀਂ ਆ ਰਿਹਾ।

ਮੋਬਾਈਲ : 75894-24397

ਸਪੋਕਸਮੈਨ ਅਖ਼ਬਾਰ

ਅੱਠ ਸਾਲਾਂ ਦਾ ਹੋ ਗਿਆ, ਸਾਡਾ ਸਪੋਕਸਮੈਨ ਅਖ਼ਬਾਰ।
ਅਪਣੀ ਚਾਲੇ ਰਿਹਾ ਸੀ ਤੁਰਦਾ, ਭਾਵੇਂ ਔਕੜ ਆਈ ਹਜ਼ਾਰ।
ਨੌਵੇਂ ਸਾਲ ਵਿਚ ਪੈ ਗਿਆ, ਸਾਡਾ ਸਪੋਕਸਮੈਨ ਅਖ਼ਬਾਰ।
  ਸਮੇਂ-ਸਮੇਂ 'ਤੇ ਸਰਕਾਰਾਂ ਨੇ, ਲਾਈ ਸੀ ਪਾਬੰਦੀ
  ਬਾਬੇ ਨਾਨਕ ਦੀ ਕਿਰਪਾ ਨਾਲ, ਛੂਹ ਲਈ ਹਰ ਬੁਲੰਦੀ
  ਹੱਕ, ਸੱਚ ਦਾ ਸਦਾ ਹੀ ਬਣਿਆ, ਰਿਹਾ ਇਹ ਪਹਿਰੇਦਾਰ
  ਨੌਵੇਂ ਸਾਲ ਵਿਚ ਪੈ ਗਿਆ...
ਢੌਂਗੀ ਬਾਬੇ ਤੇ ਕਿਸੇ ਲੀਡਰ ਦੀ, ਕਰਦਾ ਨਹੀਂ ਪਰਵਾਹ।
ਸੁੱਤੀ ਹੋਈ ਅਣਖ ਹੈ ਸਾਡੀ, ਰਿਹਾ ਹੈ ਅੱਜ ਜਗਾ।
ਇਹਦੇ ਵਿਰੋਧੀਆਂ ਦੀ ਹੈ ਭਾਵੇਂ, ਲੰਮੀ ਅੱਜ ਕਤਾਰ।
ਨੌਵੇਂ ਸਾਲ ਵਿਚ ਪੈ ਗਿਆ...
  ਗੁਰੂਆਂ ਦੇ ਦੱਸੇ ਰਾਹਾਂ ਦਾ, ਇਹ ਅਨੋਖਾ ਪਾਂਧੀ।
  ਰੁਲਦੀ ਜਾਂਦੀ ਮਾਂ ਪੰਜਾਬੀ, ਇਹਨੇ ਹੀ ਹੈ ਸਾਂਭੀ।
  ਤਾਂਹੀਉਂ 'ਬੰਗੇ' ਕਰਦਾ ਇਹਨੂੰ, ਰੱਬ ਜਿੰਨਾ ਪਿਆਰ।
  ਨੌਵੇਂ ਸਾਲ ਵਿਚ ਪੈ ਗਿਆ, ਸਾਡਾ ਸਪੋਕਸਮੈਨ ਅਖ਼ਬਾਰ।

- ਕਿਰਨਦੀਪ ਸਿੰਘ ਬੰਗੇ
ਪਿੰਡ ਤੇ ਡਾਕ : ਚੂੜਲ ਕਲਾਂ, ਤਹਿ. : ਲਹਿਰਾ ਗਾਗਾ (ਸੰਗਰੂਰ)।
ਮੋਬਾਈਲ : 9878810359

ਲੋਕਾਂ ਦਾ ਮਸੀਹਾ